# माये नी चंगा नहिओ लगना

ਤੇਰੇ ਹੁੰਦਿਆਂ ਜੇ, ਮੈਂ ਰੁੱਲ ਜਾਵਾਂ ॥,
ਮਾਂਏਂ* ਨੀ ਚੰਗਾ, ਨਹੀਂਓਂ ਲੱਗਣਾ ॥
ਤੈਨੂੰ ਛੱਡ ਕਿਤੇ, ਹੋਰ ਵੱਲ ਜਾਵਾਂ ॥
ਮਾਂਏਂ* ਨੀ ਚੰਗਾ, ਨਹੀਂਓਂ ਲੱਗਣਾ ।

ਸੁਣਿਆਂ ਏ ਤੂੰ ਤੇ ਮਾਂਏਂ, ਭੁੱਖਿਆਂ ਨੂੰ ਪਾਲਦੀ ।
ਡੁੱਬਦੀਆਂ ਬੇੜੀਆਂ ਨੂੰ, ਪਲਾਂ ਵਿੱਚ ਤਾਰਦੀ ॥
ਮਾਂਝੀ ਹੁੰਦੇ ਹੋਏ, ਮੈਂ ਡੁੱਬ ਜਾਵਾਂ ॥,
ਮਾਂਏਂ* ਨੀ ਚੰਗਾ, ਨਹੀਂਓਂ ਲੱਗਣਾ,,,
ਤੇਰੇ ਹੁੰਦਿਆਂ ਜੇ, ਮੈਂ ਰੁੱਲ ਜਾਵਾਂ,,,,,,,,,,,,,F

ਤੇਰੇ ਦਮ ਨਾਲ ਏਹ, ਜਹਾਨ ਪਿਆ ਚੱਲਦਾ ।
ਰੱਖਦੀ ਏ ਤੂੰ ਤੇ ਮਾਂਏਂ, ਖ਼ਿਆਲ ਪਲ ਪਲ ਦਾ ॥
ਦੁੱਖੀ ਦਿਲ ਦੀ ਜੇ, ਸੁਣੇ ਨਾ ਤੂੰ ਹਾਵਾਂ ॥,
ਮਾਂਏਂ* ਨੀ ਚੰਗਾ, ਨਹੀਂਓਂ ਲੱਗਣਾ,,,
ਤੇਰੇ ਹੁੰਦਿਆਂ ਜੇ, ਮੈਂ ਰੁੱਲ ਜਾਵਾਂ,,,,,,,,,,,,,F

ਸਮਾਂ ਭਾਵੇਂ ਚੰਗਾ ਮਾਂਏਂ, ਤੇਰਾ ਏਹ ਗ਼ੁਲਾਮ ਏ ।
ਰੇਖਾਂ ਵਿੱਚ ਮੇਖਾਂ ਪਾ ਦੇ, ਚਰਚਾ ਏਹ ਆਮ ਏ ॥
ਤੇਰੇ ਬਾਝੋਂ ਚੰਗੀ, ਮਾਂ ਕਿੱਥੋਂ ਲਿਆਵਾਂ ॥,
ਮਾਂਏਂ* ਨੀ ਚੰਗਾ, ਨਹੀਂਓਂ ਲੱਗਣਾ,,,
ਤੇਰੇ ਹੁੰਦਿਆਂ ਜੇ, ਮੈਂ ਰੁੱਲ ਜਾਵਾਂ,,,,,,,,,,,,,F

ਅਪਲੋਡਰ- ਅਨਿਲਰਾਮੂਰਤੀਭੋਪਾਲ


https://bhajanganga.com/bhajan/lyrics/id/27784/title/maaye-ni-changa-nayio-lagna

अपने Android मोबाइल पर BhajanGanga App डाउनलोड करें और भजनों का आनंद ले |